# ਬੋਰਡ ਦੇ ਕਰਮਚਾਰੀਆਂ ਦੇ ਸਰਵਿਸ-ਬਾਈਲਾਅਜ

ਪੰਜਾਬ ਕਿਰਤ ਭਲਾਈ ਬੋਰਡ ਦੇ ਡਾਇਰੈਕਟਰਾਂ ਦਾ ਬੋਰਡ,ਇਸ ਦੁਆਰਾ ਪੰਜਾਬ ਕਿਰਤ ਭਲਾਈ ਬੋਰਡ ਅਧੀਨ ਵਿਭਿੰਨ ਆਸਾਮੀਆਂ ਤੇ ਨਿਯੁੱਕਤ ਵਿਅਕਤੀਆਂ ਦੀ ਭਰਤੀ ਅਤੇ ਸੇਵਾਂ ਸ਼ਰਤਾਂ ਨੂੰ ਹੈ ਪੰਜਾਬ ਕਿਰਤ ਭਲਾਈ ਦੇ ਡਾਇਰੈਕਟਰਾਂ ਦਾ ਵਿਨਿਸਮਿਤ ਕਰਨ ਲਈ ਸੇਵਾ ਉਪ-ਨਿਯਮ ਬਣਾਉਂਦਾ ਹੈ।

ਅਧਿਆਇ 1

1. ਸੰਖੇਪ ਨਾਂ ਪ੍ਰਾਰੰਭ ਅਤੇ ਲਾਗੂ ਕਰਣ

(ੳ) ਇਹਨਾਂ ਉਪ-ਨਿਯਮਾਂ ਨੂੰ ਪੰਜਾਬ ਕਿਰਤ ਭਲਾਈ ਬੋਰਡ ਬੋਰਡ ਕਰਮਚਾਰੀ ਸੇਵਾ ਉਪ-ਨਿਯਮ ਕਿਹਾ ਜਾਵੇਗਾ।

(ਅ) ਇਹ ਉਪ-ਨਿਯਮ ਤੁਰੰਤ ਲਾਗੂ ਹੋਣਗੇ।

(ੲ) ਇਹ ਉਪ-ਨਿਯਮ ਕਿਰਤ ਭਲਾਈ ਬੋਰਡ ਦੇ ਸਾਰੇ ਕਰਮਚਾਰੀਆਂ ਤੇ ਲਾਗੂ ਹੋਣਗੇ।

2. ਪਰਿਭਾਸ਼ਾਵਾਂ

ਇਹਨਾਂ ਉਪ-ਨਿਯਮਾਂ ਵਿੱਚ: ਜੇਕਰ ਪ੍ਰਬੰਧ ਦੁਆਰਾ ਹੋਰਵੇ ਲੋੜ ਨਾਂ ਹੋਵੇ ਤਾਂ -

(ੳ) 'ਬੋਰਡ" ਤੋਂ ਭਾਵ ਹੈ ਪੰਜਾਬ ਕਿਰਤ ਭਲਾਈ ਦੇ ਡਾਇਰੈਕਟਰਾਂ ਦਾ ਬੋਰਡ।

(ਅ) 'ਚੇਅਰਮੈਨ" ਤੋਂ ਭਾਵ ਹੈ ਡਾਇਰੈਕਟਰਾਂ ਦੇ ਬੋਰਡ ਦਾ ਚੇਅਰਮੈਨ।

(ੲ) "ਕਮਿਸ਼ਨਰ" ਤੋਂ ਭਾਵ ਹੈ ਪੰਜਾਬ ਕਿਰਤ ਭਲਾਈ ਬੋਰਡ ਦਾ ਦਫਤਰ।

(ਹ) 'ਉਪ-ਨਿਯਮ' ਤੋਂ ਭਾਵ ਹੈ ਪੰਜਾਬ ਕਿਰਤ ਭਲਾਈ ਬੋਰਡ ਕਰਮਚਾਰੀਆਂ ਦੇ ਸੇਵਾ ਉਪ-ਨਿਯਮ।

(ਕ) ਸਿੱਧੀ ਨਿਯੁਕਤੀ ਤੋਂ ਭਾਵ ਉਹ ਨਿਯੁਕਤੀ ਹੈ ਜ਼ੋ ਭਾਰਤ ਸਰਕਾਰ ਜਾਂ ਰਾਜ ਸਰਕਾਰ ਦੀ ਸੇਵਾ ਵਿੱਚ ਪਹਿਲਾਂ ਤੋਂ ਨਿਯੁਕਤ ਕਿਸੇ ਵਿਅਕਤੀ ਦੀ ਤਰੱਕੀ ਦੁਆਰਾ ਜਾਂ ਬਦਲੀ ਦੁਆਰਾ ਜਾਂ ਪ੍ਰਤਿ ਨਿਯੁਕਤੀ ਤੋਂ ਹੋਰਵੇ ਕੀਤੀ ਜਾਵੇ:-

(ਖ) 'ਸਰਕਾਰ ਤੋਂ ਭਾਵ ਹੈ, ਕਿਰਤ ਵਿਭਾਗ ਵਿੱਚ ਪੰਜਾਬ ਰਾਜ ਦੀ ਸਰਕਾਰ।

(ਗ) 'ਕਰਮਚਾਰੀ' ਤੋਂ ਭਾਵ ਕਿਰਤ ਭਲਾਈ ਬੋਰਡ ਅਧੀਨ ਕਿਸੇ ਆਸਾਮੀ ਤੇ ਨਿਯੁੱਕ ਵਿਅਕਤੀ (ਭਾਵੇ ਉਹ ਅਧਿਕਾਰੀ ਹੋਵੇ ਜਾਂ ਕੋਈ ਹੋਰ ਕਰਮਚਾਰੀ) ਹੈ ਜਿਸ ਵਿੱਚ ਇਤਫਾਕੀਆਂ ਵਰਕਰ ਜਾਂ ਦਿਹਾੜੀਦਾਰ ਸ਼ਾਮਲ ਨਹੀਂ।

3. ਆਸਾਮੀਆਂ ਦੀ ਗਿਣਤੀ ਤੇ ਕਿਸਮ

ਇਹਨਾਂ ਨਿਯਮਾਂ ਦੀ ਅੰਤਕਾ 'ੳ' ਵਿਚ ਦਰਸਾਈਆਂ ਅਸਾਮੀਆਂ ਇਸ ਸੇਮਾ ਵਿੱਚ ਸ਼ਾਮਲ ਹੋਣਗੀਆ।

ਪਰ ਸ਼ਰਤ ਇਹ ਹੈ ਕਿ ਇਹਨਾਂ ਨਿਯਮਾਂ ਵਿਚਲੀ ਕੋਈ ਗੱਲ ਅਜਿਹੀਆਂ ਆਸਾਮੀਆਂ ਦੀ ਗਿਣਤੀ ਵਧਾਉਣ ਜਾਂ ਘਟਾਉਣ ਜਾਂ ਵਖੋਂ ਵੱਖ ਅਹੁਦਿਆਂ ਅਤੇ ਤਨਖਾਹ ਪੈ ਮਾਨਿਕ ਦੀਆਂ ਨਵੀਆਂ ਆਸਾਮੀਆਂ ਸਿਫਟ ਕਰਨ ਲਈ ਬੋਰਡ ਤੇ ਅੰਤਰ ਨਿਹਿਤ ਅਧਿਕਾਰ ਤੇ ਕੋਈ ਪ੍ਰਭਾਵ ਨਹੀਂ ਪਾਏਗੀ।

4. ਸੇਵਾ ਵਿੱਚ ਨਿਯੁਕਤ ਕੀਤੇ ਉਮੀਦਾਵਾਰਾਂ

(1) ਕਿਸੇ ਵੀ ਉਮੀਦਵਾਰ ਨੂ ਇਸ ਸੇਵਾ ਵਿੱਚ ਨਿਯੁਕਤ ਨਹੀਂ ਕੀਤਾ ਜਾਵੇਗਾ ਜੇਕਰ ਉਹ:-

| | | |
|---|---|---|
| ਦੀ ਰਾਸ਼ਟਰੀਅਤਾ, ਅਧਿਵਾਸ ਅਤੇ ਆਚਰਣ | (ੳ) | ਭਾਰਤ ਦਾ ਨਾਗਰਿਕ ਨਹੀਂ: ਜਾਂ |
| | (ਅ) | ਨੇਪਾਲ ਦਾ ਨਾਗਰਿਕ ਨਹੀਂ: ਜਾਂ |
| | (ੲ) | ਭੂਟਾਨ ਦਾ ਨਾਗਰਿਕ ਨਹੀਂ: ਜਾਂ |
| | (ਸ) | ਭਾਰਤ ਵਿੱਚ ਸਥਾਈ ਤੌਰ ਤੇ ਆਬਾਦ ਹੋਣ ਲਈ 1 ਜਨਵਰੀ, 1962 ਤੋਂ ਪਹਿਲਾਂ ਭਾਰਤ ਵਿੱਚ ਆਇਆ ਕੋਈ ਤਿੱਬਤੀ ਸ਼ਰਨਾਰਥੀ ਨਹੀ: ਜਾਂ |
| | (ਹ) | ਭਾਰਤੀ ਮੂਲ ਦਾ ਅਜਿਹਾ ਵਿਅਕਤੀ ਨਹੀਂ ਜ਼ੋ ਭਾਰਤ ਵਿੱਚ ਸਥਾਈ ਤੌਰ ਤੇ ਆਬਾਦ ਹੋਣ ਲਈ ਪਾਕਿਸਤਾਨ, ਬਰਮਾ, ਸ੍ਰੀ ਲੰਕਾ ਅਤੇ ਪੂਰਬੀ ਅਫਰੀਕਾ ਦੇ ਦੇਸ਼ਾਂ ਕੀਨੀਆਂ, ਯੁਗਾਡਾ ਅਤੇ ਯੁਨਾਈਟਿਡ ਰੀਪਬਲਿਕ (ਪਹਿਲਾਂ ਨਾਂਗਾ ਨਿਕਾ ਅਤੇ ਜੰਜ਼ੀਬਾਰ ਦੇਸ) ਤੋਂ ਹਿਜਰਤ ਕਰਕੇ ਆਇਆ ਹੋਵੇ। |

ਮੁੱਖ ਸਕੱਤਰ ਦੇ ਯੂ.ਓ.ਨੰ:129)ਜੀ.ਓ.ਆਈ.) -5 ਜੀ ਐਸ-77 ਮਿਤੀ ਚੰਡੀਗੜ੍ਹ 5 ਅਪ੍ਰੈਲ, 1977 ਅਨੁਸਾਰ ਛਡਿਆ ਗਿਆ।

(2) ਕੋਈ ਉਮੀਦਵਾਰ ਜਿਸਦੇ ਕੇਸ ਵਿੱਚ ਪਾਤਰਤਾ ਸਰਟੀਫਿਕੇਟ ਜ਼ਰੂਰੀ ਹੋਵੇ, ਨੂੰ ਕਮਿਸ਼ਨਰ ਜਾਂ ਬੋਰਡ ਜਾਂ ਸਰਕਾਰ ਦੀ ਕਿਸੇ ਹੋਰ ਭਰਤੀ ਕਾਰਨ ਵਾਲੀ ਅਥਾਰਟੀ ਦੁਆਰਾ ਲਈ ਜਾਣ ਵਾਲੀ ਪਰੀਖਿਆ ਜਾ ਇੰਟਰਵਿਊ ਵਿੱਚ ਬੈਠਣ ਦੀ ਆਗਿਆ ਦਿੱਤੀ ਜਾ ਸਕੇਗੀ ਅਤੇ ਉਸ ਨੂੰ ਸਮਰੱਥ ਅਧਿਕਾਰੀ ਦੁਆਰਾ ਦਿੱਤੇ ਜਾਣ ਵਾਲੇ ਲੋੜੀਂਦੇ ਸਰਟੀਫਿਕੇਟ ਤੇ ਤਾਬੇ ਆਰਜ਼ੀ ਤੌਰ ਤੇ ਨਿਯੁਕਤ ਕੀਤਾ ਜਾ ਸਕੇਗਾ।

(3) ਕਿਸੇ ਵੀ ਵਿਅਕਤੀ ਨੂੰ ਸਿੱਧੀ ਨਿਯੁਕਤੀ ਦੁਆਰਾ ਕਿਸੇ ਸੇਵਾ ਵਿੱਚ ਭੱਰਤੀ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਯੂਨੀਵਰਸਿਟੀ ਕਾਲਜ਼, ਸਕੂਲ ਜਾਂ ਸੰਸਥਾ ਜੇ ਕੋਈ ਹੋਵੇ ਜਿਸ ਵਿਚੋਂ ਉਸ ਨੇ ਸੱਭ ਤੋਂ ਆਖਰ ਵਿੱਚ ਵਿਦਿਆ ਪ੍ਰਾਪਤ ਕੀਤੀ ਹੋਵੇ, ਦੇ ਪ੍ਰਿੰਸੀਪਲ ਅਕਾਦਮਿਕ ਦਫਤਰ ਤੋਂ ਆਚਰਣ ਸਰਟੀਫਿਕੇਟ ਅਤੇ ਦੋ ਅਜਿਹੇ ਹੋਰ ਜਿੰਮੇਵਾਰ ਵਿਅਕਤੀਆਂ, ਜਿਹੜੇ ਉਸਦੇ ਨਿੱਜ਼ੀ ਜੀਵਨ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਅਤੇ ਉਸਦੇ ਰਿਸ਼ਤੇਦਾਰ ਨਾ ਹੋਣ ਅਤੇ ਨਾ ਹੀ ਯੂਨੀਵਰਸਿਟੀ, ਕਾਲਜ਼ ਸਕੂਲ ਜਾਂ ਸੰਸਥਾਂ ਨਾਲ ਸਬੰਧਤ ਹੋਣ ਤੋਂ ਇਹੋ ਜਿਹੇ ਸਰਟੀਫਿਕੇਟ ਪੇਸ਼ ਨਹੀਂ ਕਰਦਾ।

(4) ਕੋਈ ਵੀ ਵਿਅਕਤੀ:

(ੳ) ਜਿਸਦੇ ਅਜਿਹੇ ਵਿਅਕਤੀ ਨਾਲ ਵਿਆਹ ਕਰਵਾਇਆ ਹੋਵੇ ਜਾਂ ਮੰਗਣੀ ਕੀਤੀ ਹੋਵੇ। ਜਿਸ ਦਾ ਪਤੀ ਜਾਂ ਪਤਨੀ ਜੀਵਤ ਹੋਵੇ: ਜਾਂ

(ਅ) ਜਿਸ ਦਾ ਆਪਣਾ ਪਤੀ ਜਾਂ ਪਤਨੀ ਜੀਵਤ ਹੋਵੇ, ਨੇ ਕਿਸੇ ਹੋਰ ਵਿਅਕਤੀ ਨਾਲ ਵਿਆਹ ਕਰਵਾਇਆ ਹੋਵੇ ਜਾਂ ਮੰਗਣੀ ਕੀਤੀ ਹੋਵੇ, ਇਸ ਸੇਵਾ ਵਿੱਚ ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ।

ਪਰ ਸ਼ਰਤ ਇਹ ਹੈ ਕਿ ਜੇਕਰ ਬੋਰਡ ਦੀ ਤਸੱਲੀ ਹੋ ਜਾਵੇ ਕਿ ਅਜਿਹੇ ਵਿਅਕਤੀ ਅਤੇ ਵਿਆਹ ਦੀ ਦੂਜੀ ਧਿਰ ਤੇ ਲਾਗੂ ਹੋਣ ਯੋਗ ਨਿੱਜੀ ਕਾਨੂੰਨ ਅਧੀਨ ਅਜਿਹੇ ਵਿਆਹ ਦੀ ਇਜਾਜ਼ਤ ਹੈ ਅਤੇ ਅਜਿਹਾ ਵਿਆਹ ਕਰਨ ਦੇ ਹੋਰ ਆਧਾਰ ਹਨ ਤਾਂ ਅਜਿਹੇ ਕਿਸੇ ਵਿਅਕਤੀ ਨੂੰ ਇਸ ਨਿਯਮ ਦੀ ਕਾਰਵਾਈ ਤੋਂ ਛੋਟ ਦਿੱਤੀ ਜਾ ਸਕੇਗੀ।

| | | | |
|---|---|---|---|
| 5. | ਉਮਰ | | ਕਿਸੇ ਵੀ ਵਿਅਕਤੀ ਨੂੰ ਸਿੱਧੀ ਨਿਯੁਕਤੀ ਦੁਆਰਾ ਭੱਰਤੀ ਨਹੀਂ ਕੀਤੀ ਜਾਵੇਗੀ ਜੇਕਰ ਉਸਦੀ ਉਮਰ ਨਿਯੁਕਤੀ ਦੀ ਮਿਤੀ ਸਮੇਂ 18 ਸਾਲ ਤੋਂ ਘੱਟ ਜਾਂ 30 ਸਾਲ ਤੋਂ ਵੱਧ ਹੋਵੇ ਜਾਂ ਜੇਕਰ ਉਸ ਸਰਸਕਾਰ ਦੁਆਰਾ ਸਮੇਂ ਸਮੇਂ ਨਿਸ਼ਚਿਤ ਕੀਤੀ ਉਮਰ ਦੀ ਅਲਪਤਮ, ਅਤੇ ਅਧਿਕਤਮ ਸੀਮਾ ਅੰਦਰ ਨਹੀਂ ਆਉਂਦਾ।<br><br>ਪਰ ਸ਼ਰਤ ਇਹ ਹੈ ਕਿ ਪੰਜਾਬ ਸਰਕਾਰ, ਹੋਰ ਰਾਜ ਸਰਕਾਰ ਜਾਂ ਭਾਰਤ ਸਰਕਾਰ ਦਾ ਨੌਕਰੀ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ ਵਿਅਕਤੀ ਦੀ ਸੂਰਤ ਵਿੱਚ ਉਮਰ ਦੀ ਉਪਰਲੀ ਹੱਦ ਲਈ 45 ਸਾਲ ਤੱਕ ਛੋਟ ਦਿੱਤੀ ਜਾ ਸਕੇਗੀ।<br><br>ਪਰ ਸ਼ਰਤ ਇਹ ਹੈ ਕਿ ਨਿਯੁਕਤੀ ਅਧਿਕਾਹਰੀ, ਵਿਅਕਤੀਆਂ ਦੀਆਂ ਕਿਸੇ ਸ਼੍ਰੇਣੀ ਜਾਂ ਵਰਗ ਲਈ ਉਮਰ ਦੀ ਉਪਰਤਲੀ ਹੱਦ ਵਿੱਚ, ਲਿਖਤੀ ਤੌਰ ਤੇ ਰਿਕਾਰਡ ਕੀਤੇ ਕਾਰਨਾਂ ਕਰਕੇ ਛੋਟ ਦੇ ਸਕੇਗਾ।<br><br>ਪਰ ਹੋਰ ਸ਼ਰਤ ਇਹ ਹੈ ਕਿਅ ਨੁਸੂਚਿਤ ਜ਼ਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੇ ਉਮੀਦਵਾਰ ਦੀ ਸੂਰਤ ਵਿੱਚ ਉਮਰ ਦੀ ਉਪਰਲੀ ਹੱਦ ਅਜਿਹੀ ਹੋਵੇਗੀ ਜ਼ੋ ਸਮੇਂ ਸਮੇਂ ਸਸਰਕਾਰ ਦੁਆਰਾ ਨਿਸ਼ਚਿਤ ਕੀਤੀ ਜਾਵੇਗੀ। |
| | | (2) | ਲਾਮਬੰਦ ਹਰਿਆਰ ਬੰਦ ਸੈਨਿਕ ਅਮਲੇ ਦੀ ਸੂਰਤ ਵਿੱਚ ਉਮਰ ਦੀ ਉਪਰਾਲੀ ਹੱਦ ਦੀ ਸਰਕਾਰ ਦੁਆਰਾ ਸਮੇਂ ਸਮੇਂ ਜ਼ਾਰੀ ਕੀਤੀਆਂ ਹਦਾਇਤਾਂ ਅਨੁਸਾਰ ਛੋਟ ਹੋਵੇਗੀ। |
| 6. | ਨਿਯੁਕਤੀ ਅਧਿਕਾਰੀ | | ਪੰਜਾਬ ਕਿਰਤ ਭਲਾਈ ਬੋਰਡ ਅਧੀਨ ਸਾਰੀਆਂ ਆਸਾਮੀਆਂ ਤੇ ਨਿਯੁੱਕਤੀ ਬੋਰਡ ਦੁਆਰਾ, ਚੇਅਰਮੈਨ ਕਮਿਸ਼ਨਰ ਜਾਂ ਕਿਸੇ ਹੋਰ ਮਾਤਹਿਤ ਅਧਿਕਾਰੀ ਨੂੰ ਸੋਂਪੇ ਅਖਤਿਆਰਾਂ ਦੇ ਤਾਬੇ ਕੀਤੀ ਜਾਵੇਗੀ। |
| 7. | ਭੱਰਤੀ/ਤਰੱਕੀ ਦਾ ਢੰਗ | | ਬੋਰਡ ਦੀ ਸੇਵਾ ਵਿੱਚ ਨਿਯੁਕਤੀ ਅੰਤਕਾ 'ੳ' ਵਿੱਚ ਦਰਸਾਈ ਸ਼੍ਰੇਣੀ ਬਾਰੇ ਕੀਤੀ ਜਾਵੇਗੀ। |
| 8. | ਅਨੁਸ਼ਾਸ਼ਨ/ਢੰਡ ਅਤੇ ਅਪੀਲਾਂ | | ਅਨੁਸ਼ਾਸ਼ਨ, ਸਜ਼ਾ ਤੇ ਅਪੀਲਾਂ ਦੇ ਮਾਮਲੇ ਵਿੱਚ ਕਿਰਤ ਭਲਾਈ ਬੋਰਡ ਦੇ ਕਰਮਚਾਰੀਆਂ ਦੇ ਸਮੇਂ ਸਮੇਂ ਸੋਧੇ ਗਏ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮ, 1970 ਲਾਗੂ ਹੋਣਗੇ। |

ਢੰਡ ਲਾਉਣ ਲਈ ਅਖਤਿਆਰ ਪ੍ਰਾਪਤ ਅਧਿਕਾਰੀ ਅਤੇ ਅਪੀਲ ਅਧਿਕਾਰੀ ਅੰਤਾਂ 'ਅ' ਵਿੱਚ ਦਰਜ਼ ਹਨ।

9. ਪਰਖ ਅਧੀਨ ਸਮਾਂ

(1) ਕਿਸੇ ਵੀ ਸੇਵਾ ਤੇ ਸਿੱਧੀ ਭੱਰਤੀ ਦੁਆਰਾ ਕੀਤੇ ਵਿਅਕਤੀਆਂ ਦਾ ਪਰਖ ਅਧੀਨ ਸਮਾਂ 2 ਸਾਲ ਹੋਵੇਗਾ ਜੇਕਰ ਹੋਰਵੇ ਭੱਰਤੀ ਕੀਤਾ ਗਿਆ ਹੋਵੇ ਤਾਂ ਇਹ ਸਮਾਂ ਇਕ ਸਾਲ ਹੋਵੇਗਾ,

ਪਰ ਸ਼ਰਤ ਇਹ ਹੈ ਕਿ -

(ੳ) ਅਜਿਹੀ ਨਿਯੁਕਤੀ ਤੋਂ ਬਾਅਦ ਬਰਾਬਰ ਦੀ ਜਾਂ ਉਸ ਤੋਂ ਉਚੇਰੀ ਆਸਾਮੀ ਤੇ ਡੈਪੂਟੇਸ਼ਨ ਤੇ ਬਿਠਾਇਆ ਸਮਾਂ ਪਰਖ ਅਧੀਨ ਸਮੇਂ ਵਿੱਚ ਗਿਣਿਆ ਜਾਵੇਗਾ:

(ਅ) ਬਦਲੀ ਦੁਆਰਾ ਹੋਈ ਨਿਯੁਕਤੀ ਦੀ ਸੂਰਤ ਵਿੱਚ, ਬਰਾਬਰ ਦੀ ਜਾਂ ਉਚੇਰੀ ਪਦਵੀ ਤੇ ਇਸ ਨਿਯੁਕੱਤੀ ਤੋਂ ਪਹਿਲਾਂ ਕੀਤੇ ਕੰਮ ਦੇ ਸਮੇਂ ਨੂੰ ਪਰਖ ਅਧੀਨ ਸਮੇਂ ਵਜੋਂ ਗਿਣਨ ਦੀ ਆਗਿਆ ਦੇਣਾ ਨਿਯੁਕਤੀ ਅਧਿਕਾਰੀ ਦੇ ਸਵੈ-ਅਧਿਕਾਰ ਵਿੱਚ ਹੋਵੇਗਾ ਅਤੇ

(ੲ) ਸੇਵਾ ਵਿੱਚ ਕਾਇਮ ਮੁਕਾਮੀ ਦਾ ਕੋਈ ਸਮਾਂ ਪਰਖ ਅਧੀਨ ਸਮੇਂ ਵਜੋਂ ਬਿਤਾਇਆ ਗਿਣਿਆ ਜਾਵੇਗਾ, ਪਰ ਕੋਈ ਵੀ ਵਿਅਕਤੀ ਜਿਸ ਨੇ ਇਸ ਤਰਾਂ ਕਾਇਮ ਮੁਕਾਮ ਪਦਵੀਂ ਤੇ ਕੰਮ ਕੀਤਾ ਹੋਵੇ, ਨਿਸ਼ਚਿਤ ਕੀਤਾ ਪਰਖ ਅਧੀਨ ਸਮਾਂ ਪੂਰਨ ਹੋ ਜਾਣ ਪਿੱਛੋ ਪੱਕਾ ਕੀਤਾ ਜਾਣ ਦਾ ਹੱਕਦਾਰ ਹੋਵੇਗਾ ਜੇਕਰ ਉਸ ਨੂੰ ਸਥਾਈ ਖਾਲੀ ਆਸਾਮੀ ਵਿਰੁੱਧ ਨਿਯੁੱਕਤ ਕੀਤਾ ਜਾਂਦਾ ਹੈ।

(III) ਜੇਕਰ ਕੋਈ ਪੱਕੀ ਖਾਲੀ ਆਸਾਮੀ ਨਹੀਂ ਹੈ ਤਾਂ ਇਹ ਐਲਾਨ ਕਰ ਸਕੇਗਾ ਕਿ ਉਸਨੇ ਆਪਣਾ ਪਰਖ ਅਧੀਨ ਸਮਾਂ ਤਸੱਲੀਬਖਸ਼ ਤੌਰ ਤੇ ਪੂਰਾ ਕਰ ਲਿਆ ਹੈ: ਜਾਂ

(ਅ) ਜੇਕਰ ਉਸ ਦੀ ਰਾਏ ਵਿੱਚ ਉਸਦਾ ਕੰਮ ਅਤੇ ਆਚਰਣ ਤਸੱਲੀਬਖਸ਼ ਨਹੀਂ ਹੈ ਤਾਂ:-

(I) ਜੇਕਰ ਉਸਦੀ ਨਿਯੁਕਤੀ ਸਿੱਧੀ ਭੱਰਤੀ ਦੁਆਰਾ ਕੀਤੀ ਗਈ ਹੈ ਤਾਂ ਉਸ ਨੂੰ ਉਸ ਦੀਆਂ ਸੇਵਾਵਾਂ ਤੋਂ ਅਲੱਗ ਕਰ ਸਕੇਗਾ ਜਾਂ ਉਸ ਦੀ ਨਿਯੁਕਤੀ ਹੋਰ ਕੀਤੀ ਗਈ ਹੋਵੇ ਤਾਂ ਉਸਨੂੰ ਉਸਦੀ ਪੂਰਬਲੀ ਆਸਾਮੀ ਤੇ ਪਰਤਾਂ ਸਕੇਗਾ। ਜਾਂ ਉਸ ਨਾਲ ਅਜਿਹੇ ਹੋਰ ਢੰਗ ਨਾਲ ਨਜਿੱਠ ਸਕੇਗਾ ਜਿਵੇਂ ਉਸ ਦੀ ਪੂਰਬਲੀ ਨਿਯੁਕਤੀਆਂ ਬਾਨਾ ਤੇ ਸ਼ਰਤਾਂ ਇਜ਼ਾਜਤ ਦੇਣਗੀਆਂ ਜਾਂ।

(II) ਉਸਦਾ ਪਰਖ ਅਧੀਨ ਸਮੇਂ ਵਧਾ ਸਕੇਗਾ ਅਤੇ ਉਸ ਤੋਂ ਬਾਅਦ ਅਜਿਹੇ ਹੁਕਮ ਜ਼ਾਰੀ ਕਰ ਸਕੇਗਾ ਜਿਹੜੇ ਉਸ ਪਹਿਲੇ ਪਰਖ ਅਧੀਨ ਸਮੇਂ ਦੀ ਸਮਾਪਤ ਤੇ ਦੇਣੇ ਸਨ।

ਪਰ ਸ਼ਰਤ ਇਹ ਹੈ ਕਿ ਪਰਖ ਅਧੀਨ ਦਾ ਕੁਲ ਸਮਾਂ, ਵਧਾਇਆ ਗਿਆ ਸਮਾਂ ਸ਼ਾਮਲ ਕਰਕੇ, ਜੇ ਕੋਈ ਹੋਵੇ, ਤਿੰਨ ਸਾਲ ਤੋਂ ਵਧ ਨਹੀਂ ਹੋਵੇਗਾ।

10. ਸੀਨੀਆਰਤਾ

ਸੇਵਾ ਵਿੱਚ ਮੈਂਬਰਾਂ ਦੀ ਪਰਸਪਰ ਸੀਨੀਆਰਤਾ ਇਕ ਅਸਾਮੀ ਉਤੇ ਲਗਾਤਾਰ ਸੇਵਾ ਦੀ ਅਵਧੀ ਦੁਆਰਾ ਨਿਸ਼ਚਿਤ ਕੀਤੀ ਜਾਵੇਗੀ।

ਪਰ ਸ਼ਰਤ ਇਹ ਹੈ ਕਿ ਜਿਥੇ ਕਿਸੇ ਸੇਵਾ ਵਿੱਚ ਵੱਖ ਵੱਖ ਕਾਰਡ ਹੋਣ ਤਾਂ ਹਰੇਕ ਕਾਰਡ ਲਈ ਵਖੋਂ ਵੱਖਰੀ ਸੀਨੀਆਰਤਾ ਨਿਸ਼ਚਿਤ ਕੀਤੀ ਜਾਵੇਗੀ।

ਪਰ ਹੋਰ ਸ਼ਰਤ ਇਹ ਹੈ ਕਿ ਮੈਂਬਰਾਂ ਦੀ ਸਿੱਧੀ ਨਿਯੁਕਤੀ ਦੁਆਰਾ ਕੀਤੀ ਭੱਰਤੀ ਦੀ ਸੂਰਤ ਵਿੱਚ ਕਮਿਸ਼ਨਰ ਬੋਰਡ ਜਾਂ ਹੋਰ ਨਿਯੁਕਤੀ ਅਧਿਕਾਰੀ ਜੋ ਵੀ ਸੂਰਤ ਹੋਵੇ, ਦੁਆਰਾ ਯੋਗਤਾ ਗਤਾ ਕ੍ਰਮ ਅਨੁਸਾਰ ਨਿਯ਼ਚਿਤ ਕੀਤੀ ਸੀਨੀਆਰਤਾ ਨੂੰ ਸੀਨੀਆਰਤਾ ਨਿਸ਼ਚਿਤ ਕਰਨ ਸਮੇਂ ਉਲਟ ਪੁਲਟ ਨਹੀਂ ਕੀਤਾ ਜਾਵੇਗਾ।

ਪਰ ਹੋਰ ਸ਼ਰਤ ਇਹ ਹੈ ਕਿ ਇਕੋ ਹੀ ਮਿਤੀ ਨੂੰ ਨਿਯੁਕਤੀ ਕੀਤੇ ਦੋ ਮੈਂਬਰਾਂ ਦੀ ਸੂਰਤ ਵਿੱਚ ਉਨ੍ਹਾਂ ਦੀ ਸੀਨੀਆਰਤਾ ਨਿਮਨ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ।

(ੳ) ਸਿੱਧੀ ਨਿਯੁਕਤੀ ਦੁਆਰਾ ਭੱਰਤੀ ਕੀਤਾ ਗਿਆ ਮੈਂਬਰ ਹੋਰਵੇ ਭੱਰਤੀ ਕੀਤੇ ਗਏ ਮੈਬਰ ਤੋਂ ਸੀਨੀਅਰ ਹੋਵੇਗਾ।

(ਅ) ਤਰੱਦੀ ਦੁਆਰਾ ਨਿਯੁਕਤ ਕੀਤਾ ਗਿਆ ਮੈਂਬਰ ਤਬਾਦਲੇ ਦੁਆਰਾ ਨਿਯੁਕਤ ਕੀਤੇ ਮੈਂਬਰ ਤੋਂ ਸੀਨੀਅਰ ਹੋਵੇਗਾ।

(ੲ) ਤਰੱਕੀ ਜਾਂ ਤਬਾਦਲੇ ਦੁਆਰਾ ਨਿਯੁਕਤ ਕੀਤੇ ਮੈਂਬਰਾਂ ਦੀ ਸੂਰਤ ਵਿੱਚ ਅਜਿਹੇ ਮੈਬਰਾਂ ਦੀ ਸੀਨੀਆਰਤਾਂ ਉਨ੍ਹਾਂ ਦੀਆਂ ਨਿਯੁਕਤੀਆਂ ਵਿਚਲੀ ਸੀਨੀਆਰਤਾਂ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ ਜਿਥੋ ਉਨ੍ਹਾਂ ਨੂੰ ਤਰੱਕੀ ਦਿੱਤੀ ਗਈ ਸੀ ਜਾਂ ਜਿਥੋ ਉਨ੍ਹਾਂ ਦਾ ਤਬਾਦਲਾ ਕੀਤਾ ਗਿਆ ਸੀ, ਅਤੇ

(ਸ) ਵੱਖ ਵੱਖ ਕਾਡਰਾਂ ਤੋਂ ਤਬਾਦਲੇ ਦੁਆਰਾ ਨਿਯੁਕਤ ਕੀਤੇ ਮੈਂਬਰਾਂ ਦੀ ਸੂਰਤ ਵਿੱਚ ਸੀਨੀਆਰਤਾਂ ਉਨ੍ਹਾਂ ਦੀ ਤਨਖਾਹ ਦੇ ਆਧਾਰ ਤੇ ਨਿਸ਼ਚਿਤ ਕੀਤੀ ਜਾਵੇਗੀ ਦੀ ਅਤੇ ਪਹਿਲ ਉਸ ਮੈਂਬਰਾਂ ਨੂੰ ਦਿੱਤੀ ਜਾਵੇਗੀ ਜਿਹੜਾ ਆਪਣੀ ਪਹਿਲੀ ਨਿਯੁਕਤੀ ਵਿੱਚ ਜ਼ਿਆਦਾ ਤਨਖਾਹ ਲੈ ਰਿਹਾ ਸੀ ਅਤੇ ਜੇਕਰ ਮੈਂਬਰ ਦੀ ਤਨਖਾਹ ਬਰਾਬਰ ਹੋਵੇ ਤਾਂ ਇਹਨਾਂ ਨਿਯੁਕਤੀਆਂ ਵਿੱਚ ਉਨ੍ਹਾਂ ਦੀ ਸੇਵਾ ਕਾਲ ਦੀ ਲੰਬਾਈ ਦੁਹਾਰਾ ਅਤੇ ਜੇਕਰ ਉਹਨਾਂ ਦਾ ਸੇਵਾ ਕਾਲ ਵੀ ਇਕੋ ਜਿਹਾ ਹੋਵੇ ਤਾਂ ਉਮਰ ਵਿੱਚ ਵੱਡਾ ਵਿਅਕਤੀ ਘਟ ਉਮਰ ਵਾਲੇ ਮੈਂਬਰ ਨਾਲੋ ਸੀਨੀਅਰ ਹੋਵੇਗਾ।

ਨੋਟ: ਆਰਜ਼ੀ ਤੋਰ ਤੇ ਨਿਯੁੱਕਤ ਕੀਤੇ ਮੈਂਬਰਾਂ ਦੀ ਸੀਨੀਆਰਤਾ ਜਿਉ ਅਤੇ ਜਦੋਂ ਉਨ੍ਹਾਂ ਦੀ ਬਕਾਇਦਾ ਤੋਰ ਤੇ ਨਿਯੁਕਤੀ ਕੀਤੀ ਜਾਂਦੀ ਹੈ ਤਾਂ ਬਕਾਇਦਾ ਨਿਯੁੱਕਤੀ ਦੀ ਮਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਸ਼ਚਿਤ ਕੀਤੀ ਜਾਵੇਗੀ।

| | | |
|---|---|---|
| 11. | ਛੁੱਟੀ, ਸੀ.ਪੀ.ਐਫ. ਅਤੇ ਹੋਰ ਮਾਮਲੇ | ਤਨਖਾਹ, ਛੁੱਟੀ, ਸੀ.ਪੀ.ਐਫ. ਅਤੇ ਹੋਰ ਮਾਮਲੇ ਜਿਨ੍ਹਾਂ ਸਬੰਧੀ ਇਹਨਾਂ ਨਿਯਮਾਂ ਵਿੱਚ ਸੁਪਸ਼ਟ ਤੋਰ ਤੇ ਉਪਬੰਧ ਨਹੀਂ ਕੀਤਾ ਗਿਆ, ਇਸ ਸੇਵਾ ਵਿਚਲੇ ਮੈਂਬਰਾਂ ਤੇ ਉਹ ਨਿਯਮਾਂ ਅਤੇ ਵਿਨਿਯਮ ਲਾਗੂ ਹੋਣਗੇ ਜਿਹੜੇ ਭਾਰਤ ਦੇ ਸਵਿਧਾਨ ਅਧੀਨ ਜਾਂ ਰਾਜ ਵਿਧਾਨ ਮੰਡਲ ਦੁਆਰਾ ਬਣਾਕੇ ਗਏ ਤੱਤ ਸਮੇਂ ਨਾਫਜ਼ ਕਿਸੇ ਕਾਨੂੰਨ ਜਾਂ ਉਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਬੋਰਡ/ਸਮਰੱਥ ਅਧਿਕਾਰੀ ਦੁਆਰਾ ਬਣਾਕੇ ਜਾਂ ਇਸ ਉਪਰੰਤ ਅਪਣਾਏ ਜਾਣ ਜਾਂ ਬਣਾਏ ਜਾਣ। |
| 12 | | ਹਰੇਕ ਕਰਮਚਾਰੀ 58 ਸਾਲ ਦੀ ਉਮਰ ਤੋਂ ਸੇਵਾ ਨਿਵਿਰਤ ਹੋਵੇਗਾ। ਐਪਰ ਬੋਰਡ ਇਸ ਵਿੱਚ 60 ਸਾਲ ਦੀ ਉਮਰ ਦਾ ਵਾਧਾ ਕਰ ਸਕੇਗਾ ਜਿਥੇ ਜ਼ਰੂਰੀ ਸਮਝਿਆ ਜਾਵੇਗਾ।<br><br>ਕਿਰਤ ਭਲਾਈ ਬੋਰਡ ਦਾ ਹਰੇਕ ਕਰਮਚਾਰੀ ਸਰਕਾਰ ਦੁਆਰਾ ਸਮੇਂ ਸਮੇਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਅਵ੍ਰਧਵਾਂ ਓਮਰ ਭੁਰਣ ਤੇ ਗਰੈਚੂਟੀ ਲੈਣ ਦਾ ਹੱਕਦਾਰ ਹੋਵੇਗਾ। |
| 13. | ਵੈਕਸੀਨੇਸ਼ਨ ਅਤੇ ਰੀਵੈਕਸੀਨੇਸ਼ਨ ਲਈ ਜਿਮੇਵਾਰੀ | ਜਦੋਂ ਸਰਕਾਰ ਕਿਸੇ ਆਮ ਜਾਂ ਖਾਸ ਆਦੇਸ਼ ਦੁਆਰਾ ਹਦਾਇਤਾਂ ਕਰਦੀ ਹੈ ਤਾਂ ਸੇਵਾ ਵਿੱਚ ਹਰੇਕ ਮੈਂਬਰ ਆਪਣੇ ਆਪ ਨੂੰ ਚੇਚਕ ਦਾ ਟੀਕਾ ਲਗਵਾਏਗਾਂ ਜਾਂ ਮੁੜ ਲਗਵਾਏਗਾ। |
| 14. | ਨਿਸ਼ਨਾ-ਸਹੁੰ | ਕਿਰਤ ਭਲਾਈ ਬੋਰਡ ਦੀ ਸੇਵਾ ਵਿੱਚ ਹਰੇਕ ਮੈਂਬਰ ਨੂੰ ਜਿਸ ਨੇ ਪਹਿਲਾਂ ਸਹੁੰ ਨਹੀਂ ਚੁੱਕੀ ਭਾਰਤ ਪ੍ਰਤੀ ਅਤੇ ਕਾਨੂੰਨ ਦੁਆਰਾ ਸਥਾਪਤ ਭਾਰਤ ਦੇ ਸੰਵਿਧਾਨ ਪ੍ਰਤੀ ਨਿਸ਼ਨਾਂ-ਸਹੁੰ ਚੁਕਣੀ ਹੋਵੇਗੀ। |
| 15. | ਰਿਆਇਤ ਦਾ ਇਮਤਿਆਰ | ਜਿੱਥੇ ਬੋਰਡ ਦੀ ਰਾਏ ਵਿੱਚ ਅਜਿਹਾ ਕਰਨਾ ਜ਼ਰੂਰੀ ਹੈ ਜਾਂ ਸਮਉਚਿਤ ਹੋਵੇ ਤਾਂ ਇਹ ਲਿਖਤੀ ਰੂਪ ਵਿੱਚ ਕਾਰਣ ਰਿਕਾਰਡ ਕਰਕੇ ਕਿਸੇ ਵਰਗ ਜਾਂ ਵਿਅਕਤੀ ਦੀ ਸ੍ਰੇਣੀ ਦੇ ਸਬੰਧ ਵਿੱਚ ਇਹਨਾਂ ਨਿਯਮਾਂ ਦੇ ਉਪਬੰਧਾਂ ਵਿਚੋਂ ਕਿਸੇ ਉਪਬੰਧ ਵਿੱਚ ਰਿਆਇਤ ਦੇ ਸਕੇਗਾ। |
| | ਵਿਸ਼ੇਸ਼ ਉਪਬੰਧ | ਇਨ੍ਹਾਂ ਉਪ ਕਾਨੂੰਨਾਂ, ਨਿਯਮਾਂ ਵਿੱਚ ਦਰਜ਼ ਕਿਸੇ ਵੀ ਉਪਬੰਧ ਦੇ ਬਾਵਜੂਦ ਜ਼ੋ ਲੋੜ ਹੋਵੇ ਤਾਂ ਚੇਅਰਮੈਨ ਬੋਰਡ ਦੇ ਅਸਲੀ ਹਿਤਾਂ ਦੀ ਸੁਰਖਿਆ ਲਈ ਕੋਈ ਵੀ ਫੈਸਲਾ ਕਰ ਸਕੇਗਾ ਪਰ ਸ਼ਰਤ ਇਹ ਹੈ ਕਿ ਇਸ ਦੀ ਪਰਵਾਨਗੀ ਲਈ ਇਹ ਬੋਰਡ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਂਦਾ ਹੈ। |

ਅਨੁਲੱਗ 'ੳ'

| ਲੜੀ ਨੰ: | ਪ੍ਰਵਾਨਤ ਆਸਾਮੀ ਦਾ | | ਤਨਖਾਹ ਸਕੇਲ | ਯੋਗਤਾ |
|---|---|---|---|---|
| 1. | ਸਹਾਇਕ ਕੰਟਰੋਲਰ<br>(ਵਿੱਤ ਤੇ ਲੇਖਾ) | | 2200-4000 | ਵਿੱਤ ਵਿਭਾਗ ਦੇ ਐਸ..ਏ.ਐਸ. ਕਾਡਰ ਦਾ ਯੋਗਤਾ ਪ੍ਰਾਪਤ ਮੈਂਬਰ ਹੋਵੇ ਜੇਕਰ ਉਸ ਨੂੰ ਡੈਪੂਟੇਸ਼ਨ ਦੇ ਅਧਾਰ ਤੇ ਨਿਯੁੱਕਤ ਕੀਤਾ ਜਾਣਾ ਹੈ। |
| 2. | ਸੀਨੀਅਰ ਅਸਿਸਟੈਂਟ | | 1800-3200 | (1) ਉਨ੍ਹਾਂ ਸੀਨੀਅਰ ਕਲਰਕਾਂ/ਕਲਰਕਾਂ ਵਿਚੋਂ ਤਰੱਕੀ ਦੁਆਰਾ ਜਿਨ੍ਹਾਂ ਪਾਸ ਪੰਜਾਬ ਕਿਰਤ ਭਲਾਈ ਬੋਰਡ ਵਿੱਚ ਘੱਟੋ ਘੱਟ ਚਾਰ ਸਾਲ ਸੇਵਾ ਦਾ ਤਜ਼ਰਬਾ ਹੋਵੇ 60% ਖਾਲੀ ਆਸਾਮੀਆਂ ਸੀਨੀਅਰ ਕਲਰਕਾਂ ਨੂੰ ਤਰੱਕੀ ਦੇ ਕੇ ਅਤੇ 40% ਸਿੱਧੀ ਭੱਰਤੀ ਦੁਆਰਾ ਜਾਂ ਬਦਲੀ ਦੁਆਰਾ ਜਿਵੇਂ ਕਿਰਤ ਭਲਾਈ ਇੰਸਪੈਕਟਰ ਦੀ ਆਸਾਮੀ ਲਈ ਨਿਰਧਾਰਤ ਕੀਤਾ ਗਿਆ ਹੈ।<br><br>(11) ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਦਾ ਗਰੈਜੂਏਟ ਹੋਵੇ ਜਾਂ ਇਸਦੇ ਬਰਾਬਰ ਹ'ਵੇ ਦੀ ਬਦਲੀ ਦੁਆਰਾ/ਸਿੱਧੀ ਨਿਯੁਕਤੀ ਦੁਆਰਾ। |
| 3. | ਸੀਨੀਅਰ ਸਕੇਲ ਸਟੈਨੋਗ੍ਰਾਫਰ ਜਾਂ<br><br>ਸਟੇਨੋਟਾਈਪਿਸਟਾਂ | | 1800-3200<br><br>950-1800<br>(ਮੁੱਢਲੀ ਸੁਰੂਆਤ 1000/- ਰੁਪਏ) | ਉਨ੍ਹਾਂ ਸਟੈਨੋਟਾਈਪਿਸਟਾਂ ਕਲਰਕਾਂ ਵਿਚੋਂ ਤਰੱਕੀ ਦੁਆਰਾ ਜਿਨ੍ਹਾਂ ਦੀ ਸ੍ਰਾਟਹੈਡ ਦੀ ਸਪੀਡ 100 ਸ਼ਬਦ ਪ੍ਰਤੀ ਮਿੰਟ ਹੋਵੇ। ਸਿੱਧੇ ਤੌਰ ਤੇ ਨਿਯੁੱਕਤੀ ਬਦਲੀ ਦੁਆਰਾ ਮਾਨਤਾਂ-ਪ੍ਰਾਪਤ ਯੂਨੀਵਰਸਿਟੀ ਦਾ ਗਰੈਜੂਏਟ ਜਾਂ ਇਸ ਦੇ ਬਰਾਬਰ ਦੀ ਯੋਗਤਾ ਰੱਖਦਾ ਹੋਵੇ ਸ਼ਬਦ ਪ੍ਰਤੀ ਮਿੰਟ ਅਤੇ ਟਾਈਪ ਦੀ 40 ਸਬ਼ਦ ਪ੍ਰਤੀ ਮਿੰਟ ਦੀ ਸਪੀਡ ਹੋਵੇ। |
| 4. | ਜੂਨੀਅਰ ਅਸਿਸਟੈਂਟ/ ਸੀਨੀਅਰ ਕਲਰਕ/ ਬਲਰਕ | 10 | 1500-2640 40%<br>1200-2100 40%<br>950-1800 20%<br>(ਮੁੱਢਲੀ ਸੁਰੂਆਤ 1000/- ਰੁਪਏ) | ਸਿੱਧੀ ਨਿਯੁੱਕਤੀ ਦੁਆਰਾ ਫਸਟ ਕਲਾਸ ਮੈਟ੍ਰਿਕ ਜਾਂ ਗਰੈਜੂਏਟ ਜਿਹੜਾ ਪੰਜਾਬੀ ਤੇ ਅੰਗਰੇਜ਼ੀ ਦੋਹਾਂ ਦੀ ਟਾਈਪ ਜਾਣਦਾ ਹੋਵੇ।<br><br>ਪੰਜਾਬ ਕਿਰਤ ਭਲਾਈ ਬੋਰਡ ਦੇ ਉਨ੍ਹਾਂ ਕਰਮਚਾਰੀਆਂ ਨੂੰ ਤਰੱਕੀ ਦੁਆਰਾ ਜ਼ੋ ਘੱਟੋ ਘੱਟ ਤਿੰਨ ਸਾਲ ਦੀ ਸੇਵਾ ਅਤੇ ਮੈਟ੍ਰਿਕ ਦੇ ਬਰਾਬਰ ਵਿਦਿਅਕ ਯੋਗਤਾ ਰੱਖਦੇ ਹੋਣ ਅਤੇ ਟਾਈਪ ਜਾਣਦੇ ਹੋਣ। |
| 5. | ਡਰਾਇਵਰ | 1 | 950-1800 | ਸਿੱਧੀ ਨਿਯੁਕਤੀ ਦੁਆਰਾ ਜਿਸ ਪਾਸ ਮੋਟਰ ਚਲਾਉਣ ਦਾ ਲਾਇਸੰਸ ਅਤੇ ਬਤੌਰ ਮੋਟਰ ਡਰਾਇਵਰ ਦੋ ਸਾਲ ਦਾ ਤਜਰਬਾ ਹੋਵੇ। |
| 6. | ਅਕਾਊਟੈਂਟ<br>-ਕੰਮ- | 1 | 1800-3200 | ਸਿੱਧੀ ਨਿਯੁੱਕਤੀ ਦੁਆਰਾ ਕਾਮਰਸ ਦਾ ਸੈਕੰਡ ਕਲਾਸ ਗਰੈਜੂਏਟ ਹੋਣਾ ਚਾਹੀਦਾ ਹੈ। |

| | | | | |
|---|---|---|---|---|
| | ਕੈਸ਼ੀਅਰ | | | |
| 7. | ਬਾਲਸੇਵਕਾ | 16 | 950-1800 | ਸਾਲ ਸੇਵਾਦਾਰਾਂ ਵਿਚੋਂ ਤਰੱਕੀ ਦੁਆਰਾ ਜੋ ਦਸਵੀਂ ਪਾਸ ਹੋਣ ਅਤੇ ਜਿਨ੍ਹਾਂ ਪਾਸ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਬਲਸੇਵਿਕਾਂ ਸਿਖਲਾਈ ਦਾ ਸਰਟੀਫਿਕੇਟ ਹੋਵੇ। ਸਿੱਧੀ ਭੱਰਤੀ ਲਈ ਦਸਵੀਂ ਪਾਸ ਹੋਵੇ ਅਤੇ ਜਿਸ ਪਾਸ ਮਾਨਤਾ ਪ੍ਰਾਪਤ ਸੰਸਥਾਂ ਤੋਂ ਬਾਲ ਸੇਵਿਕਾਂ ਸਿਖਲਾਈ ਦਾ ਸਰਟੀਫਿਕੇਟ ਹੋਵੇ। |
| 8. | ਬਾਲਸੇਵਾਦਾਰ | 16 | 750-1350 | ਸਿੱਧੀ ਭੱਰਤੀ ਦੁਆਰਾ ਘੱਟੋ ਘੱਟ ਅਠਵੀ ਪਾਸ ਹੋਣਾ ਚਾਹੀਦਾ ਹੈ। ਇਸਤਰੀਆਂ ਜਿਨ੍ਹਾਂ ਪਾਸ ਆਂਗਨਵਾੜੀ, ਬਾਲਵਾੜੀ, ਕਰੈਚ ਆਦਿ ਵਿੱਚ ਕੰਮ ਕਰਨ ਦਾ ਤਜਰਬਾ ਹੋਵੇ ਨੂੰ ਤਰਜੀਹ ਦਿੱਤੀ ਜਾਵੇਗੀ। |
| 9. | ਦਫਤਰੀ ਕੰਮ ਮਸ਼ੀਨਮੈਂਨ | 1 | 810-1440 | ਘੱਟੋ ਘੱਟ ਅਠਵੀ ਪਾਸ ਹੋਵੇ। |
| 10. | ਚਪੜਾਸੀ | 3 | 750-1350 | ਸਿੱਧੀ ਨਿਯੁਕਤੀ ਦੁਆਰਾ ਘੱਟੋ ਘੱਟ ਅਠਵੀ ਪਾਸ ਵਿਅਕਤੀ। |
| 11. | ਮਾਲੀ-ਕੰਮ-ਚੌਕੀਦਾਰ | 1 | 750-1350 | ਸਿੱਧੀ ਨਿਯੁਕਤੀ ਦੁਆਰਾ ਨਰੋਈ ਸਿਹਤ ਅਤੇ ਬਾਗਬਾਨੀ ਦੀ ਕੁਝ ਜਾਣਕਾਰੀ ਰੱਖਦਾ ਹੋਵੇ। |

ਨੋਟ: ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਪਛੜੀਆ ਸ੍ਰੇਣੀਆਂ ਅਤੇ ਹੋਰ ਸ੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਲਈ ਸਮੇਂ ਸਮੇਂ ਰਾਜ ਸਰਕਾਰ ਦੀ ਨੀਤੀ ਅਨੁਸਾਰ ਆਸਾਮੀਆਂਏ ਰਾਖਵੀਆਂ ਰੱਖੀਆ ਜਾਣਗੀਆ।

2. ਇਕ ਸਮਾਨ ਆਸਾਮੀਆਂ ਲਈ ਸਰਕਾਰ ਦੇ ਤਨਖਾਹਾਂ ਮੈਮਾਨਿਆ ਨਾਲ ਸਮਾਨਤਾਂ ਰੱਖੀ ਜਾਵੇਗੀ।

## ਅਨੁਲੱਗ 'ਅ'

## ਅਨੁਸ਼ਾਸ਼ਨ, ਢੰਡ ਅਤੇ ਅਪੀਲਾਂ

| ਕਰਮਚਾਰੀਆਂ ਦੀ ਸ੍ਰੇਣੀ | ਢੰਡ ਦੀ ਕਿਸਮ | ਦੱਡ ਦੇਣ ਵਾਲਾ ਅਧਿਕਾਰੀ | ਅਪੀਲ ਸੁਨਣ ਵਾਲਾ ਅਧਿਕਾਰੀ |
|---|---|---|---|
| ਅਫਸਰ | ਨਾਂ-ਮਾਤਰ ਸਜਾਂ | ਭਲਾਈ ਕਮਿਸ਼ਨਰ | ਚੇਅਰਮੈਨ |
| | ਵੱਡੀ ਸਜ਼ਾਂ | ਚੇਅਰਮੈਨ | ਬੋਰਡ |
| ਹੋਰ ਕਰਮਚਾਰੀ | ਨਾਂ-ਮਾਤਰ ਸਜ਼ਾ<br>ਵੱਡੀ ਸਜ਼ਾਂ | ਭਲਾਈ ਕਮਿਸ਼ਨਰ | ਚੇਅਰਮੈਨ |

ਨੋਟ: ਏ.ਸੀ.ਆਰ. ਐਸ ਵਿੱਚ ਗਲਤ ਟਿੱਪਣੀ ਵਿਰੁੱਧ ਪ੍ਰਤੀਨਿਧਤਾ ਦੇ ਮਾਮਲੇ ਵਿੱਚ ਕਰਮਚਾਰੀਆਂ ਲਈ ਅਪੀਲ ਸੁਨਣ ਵਾਲਾ ਅਧਿਕਾਰੀ ਚੇਅਰਮੈਨ ਹੋਵੇਗਾ ਅਤੇ ਅਫਸਰਾਂ ਦੇ ਮਾਮਲੇ ਵਿੱਚ ਬੋਰਡ ਹੋਵੇਗਾ।